ਵਿਸ਼ਾ ਪੰਜਾਬੀ ਜਮਾਤ ਨੌਵੀਂ ਸਾਲ ਮਈ 2020

# ਕਵਿਤਾ ਭਾਗ ( ਪ੍ਰਸੰਗ ਸਹਿਤ ਵਿਆਖਿਆ ਅਤੇ ਕੇਂਦਰੀ ਭਾਵ)

## ਪ੍ਰੋ. ਪੂਰਨ ਸਿੰਘ

### 1. ਜਵਾਨ ਪੰਜਾਬ ਦੇ

(ੳ) ਇਹ ਬੇਪ੍ਰਵਾਹ..................... 'ਤੇ ਉਲਾਰਦੇ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਛੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਪ੍ਰੋਫ਼ੈਸਰ ਸਾਹਿਬ ਨੇ ਪੰਜਾਬੀਆਂ ਦੇ ਇਹੋ ਜਿਹੇ ਸੁਭਾਅ ਨੂੰ ਹੀ ਅੰਕਿਤ ਕੀਤਾ ਹੈ।

ਵਿਆਖਿਆ :- ਪੰਜਾਬ ਦੇ ਨੌਜਵਾਨ ਬੜੇ ਬੇਪਰਵਾਹ ਸੁਭਾਅ ਦੇ ਮਾਲਕ ਹਨ। ਉਹ ਮੌਤ ਨੂੰ ਮਖ਼ੌਲਾਂ ਕਰਦੇ ਹਨ, ਭਾਵ ਔਖੇ ਤੋਂ ਔਖਾ ਤੇ ਜਾਨ ਜੋਖ਼ਮ ਵਿੱਚ ਪਾਉਣ ਵਾਲਾ ਕੰਮ ਕਰਨ ਤੋਂ ਵੀ ਨਹੀਂ ਡਰਦੇ। ਇਹ ਪਿਆਰ ਦੀ ਖ਼ਾਤਰ ਗ਼ੁਲਾਮ ਵੀ ਬਣ ਜਾਂਦੇ ਹਨ ਅਤੇ ਪਿਆਰ ਨਿਭਾਉਣ ਲਈ ਆਪਣੀ ਜਾਨ ਕੁਰਬਾਨ ਕਰ ਦਿੰਦੇ ਹਨ, ਪਰ ਕਿਸੇ ਦਾ ਰੋਗ ਨਹੀਂ ਝੱਲਦੇ। ਜੇਕਰ ਇਨ੍ਹਾਂ ਉੱਪਰ ਕੋਈ ਰੋਕ ਪਾਵੇ ਜਾਂ ਦਾਬੇ ਨਾਲ ਇਨ੍ਹਾਂ ਤੋਂ ਕੋਈ ਕੰਮ ਕਰਵਾਉਣਾ ਚਾਹੇ ਤਾਂ ਇਹ ਉਸ ਦੇ ਪਾਸੇ ਭੰਨਣ ਤੇ ਉਸ ਨੂੰ ਮਜ਼ਾ ਚਖਾਉਣ ਲਈ ਡਾਂਗਾਂ ਮੋਢਿਆਂ ਉੱਪਰੋਂ ਉਲਾਰਦੇ ਹੋਏ ਡਟ ਜਾਂਦੇ ਹਨ।

(ਅ) ਮੰਨਣ ਬੱਸ ਇਕ............ ਦੇ ਨਾਮ 'ਤੇ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ।

ਵਿਆਖਿਆ :- ਪੰਜਾਬ ਦੇ ਜਵਾਨ ਕੇਵਲ ਆਪਣੀ ਜਵਾਨੀ ਦੇ ਜ਼ੋਰ ਨੂੰ ਹੀ ਮੰਨਦੇ ਹਨ। ਇਹ ਅੱਖੜਖਾਂਦ ਤੇ ਅਲਵੇਲੇ ਹਨ। ਸਤਿਗੁਰਾਂ ਨੇ ਇਨ੍ਹਾਂ ਨੂੰ ਧੁਰੋਂ ਹੀ ਆਜ਼ਾਦ ਕੀਤਾ ਹੈ ਅਰਥਾਤ ਗੁਰੂ ਸਾਹਿਬਾਂ ਨੇ ਇਨ੍ਹਾਂ ਨੂੰ ਆਜ਼ਾਦ ਰਹਿਣ ਦਾ ਸਬਕ ਦਿੱਤਾ ਹੈ ਤੇ ਇਹ ਆਪਣੀ ਆਜ਼ਾਦੀ ਦੀ ਖ਼ਾਤਰ ਸਭ ਕੁਝ ਕੁਰਬਾਨ ਕਰ ਦਿੰਦੇ ਹਨ। ਪੰਜਾਬ ਵਿੱਚ ਹਿੰਦੂਆਂ ਜਾਂ ਮੁਸਲਮਾਨਾਂ ਦਾ ਸਵਾਲ ਨਹੀਂ ਸਗੋਂ ਇਹ ਗੁਰੂ ਸਾਹਿਬਾਂ ਦੇ ਨਾਂ ਉੱਤੇ ਜਿਉਂਦਾ ਹੈ ਤੇ ਸਾਰੇ ਪੰਜਾਬੀ ਗੁਰੂ ਸਾਹਿਬਾਂ ਨੂੰ ਸਾਂਝੇ ਮੰਨਦੇ ਹਨ ਤੇ ਉਨ੍ਹਾਂ ਦੀ ਸਿੱਖਿਆ ਅਨੁਸਾਰ ਆਪਣੀ ਅਣਖ ਤੇ ਆਜ਼ਾਦੀ ਕਾਇਮ ਰੱਖਣ ਲਈ ਮਰ ਮਿਟਦੇ ਹਨ।

(ੲ) ਜਵਾਨ ਖੁੱਲ੍ਹੇ ਖੋਲ੍ਹੇ...................... ਉੱਤੇ ਉੱਲਰਦੇ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਨੇ ਪੰਜਾਬੀਆਂ ਦੇ ਬੇਪਰਵਾਹੀ ਭਰੇ ਤੇ ਆਜ਼ਾਦੀ ਪਸੰਦ ਸੁਭਾਅ ਨੂੰ ਪੇਸ਼ ਕੀਤਾ ਹੈ।

ਵਿਆਖਿਆ :- ਪੰਜਾਬ ਦੇ ਜਵਾਨਾਂ ਨੂੰ ਪਿਆਰੇ ਸਤਿਗੁਰਾਂ ਨੇ ਆਜ਼ਾਦੀ-ਪਸੰਦ ਸੁਭਾਅ ਵਾਲੇ ਬਣਾਇਆ ਹੈ। ਇਹ ਆਜ਼ਾਦੀ ਨੂੰ ਪਿਆਰ ਕਰਦੇ ਹਨ। ਆਜ਼ਾਦੀ ਦੇ ਪ੍ਰੇਮ ਵਿੱਚ ਇਹ ਦੁਨੀਆਂ ਦੇ ਕੰਮਾਂ ਅਤੇ ਧਰਮ ਦੇ ਬੰਧਨਾਂ ਦੀ ਪ੍ਰਵਾਹ ਵੀ ਨਹੀਂ ਕਰਦੇ। ਪੰਜਾਬ ਦੇ ਜਵਾਨ ਕਿਸੇ ਵਿੱਚ ਰਲਾਇਆ ਨਹੀਂ ਰਲਦੇ ਅਰਥਾਤ ਇਨ੍ਹਾਂ ਦੀ ਦਿੱਖ ਤੇ ਰਹਿਣ-ਸਹਿਣ ਵੱਖਰਾ ਹੀ ਹੈ। ਇਹ ਆਪਣੀ ਹੀ ਮਰਜ਼ੀ ਦੇ ਮਾਲਕ ਹਨ। ਇਨ੍ਹਾਂ ਨੂੰ ਕੋਈ ਆਪਣੀ ਮਰਜ਼ੀ ਮੁਤਾਬਿਕ ਚਲਾਉਣ ਲਈ ਮਜਬੂਰ ਨਹੀਂ ਕਰ ਸਕਦਾ।

(ਸ) ਨਿੱਕੇ-ਨਿੱਕੇ ਪਿਆਰ ਦੇ............ਮੇਰੇ ਪੰਜਾਬ ਵਿੱਚ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਨੇ ਪੰਜਾਬੀਆਂ ਦੇ ਬੇਪਰਵਾਹੀ ਭਰੇ ਤੇ ਆਜ਼ਾਦੀ ਪਸੰਦ ਸੁਭਾਅ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਨੇ ਪੰਜਾਬੀ ਨੌਜਵਾਨਾਂ ਦੇ ਪਿਆਰ ਉੱਤੇ ਰੀਝਣ ਵਾਲੇ ਤੇ ਬੇਪਰਵਾਹੀ ਭਰੇ ਸੁਭਾਅ ਨੂੰ ਬਿਆਨ ਕੀਤਾ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਪੰਜਾਬੀ ਨੌਜਵਾਨ ਪਿਆਰ ਦੀ ਨਿੱਕੇ-ਨਿੱਕੇ ਕਿਣਕਿਆਂ ਤੇ ਰੀਝਦੇ ਤੇ ਪਸੀਜਦੇ ਹਨ, ਪਰ ਪਿਆਰ ਤੋਂ ਬਿਨਾਂ ਬਾਕੀ ਹੋਰਨਾਂ ਵੱਡੀਆਂ-ਵੱਡੀਆਂ ਗੱਲਾਂ ਨੂੰ ਲੱਤ ਮਾਰ ਕੇ ਦੌੜ ਜਾਂਦੇ ਹਨ। ਇਨ੍ਹਾਂ ਦਾ ਕੋਈ ਪਤਾ ਨਹੀਂ ਲਗਦਾ। ਇਨ੍ਹਾਂ ਨੂੰ ਜੇ ਕਿਸੇ ਬਾਦਸ਼ਾਹ ਨੇ ਆਪਣੇ ਹੱਥਾਂ ਵਿੱਚ ਗ਼ੁਲਾਮ ਕਰ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ, ਤਾਂ ਵੀ ਇਨ੍ਹਾਂ 'ਚ ਆਜ਼ਾਦੀ ਹੀ ਠਾਠਾਂ ਮਾਰਦੀ ਰਹੀ ਹੈ।

(ਹ) ਪਿਆਰ ਦਾ ਨਾਮ............ਕੂਕਾ ਮਾਰਦੇ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਨੇ

ਪੰਜਾਬੀਆਂ ਦੇ ਬੇਪਰਵਾਹੀ ਭਰੇ ਤੇ ਆਜ਼ਾਦੀ ਪਸੰਦ ਸੁਭਾਅ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਦੱਸਦਾ ਹੈ ਕਿ ਕਿਸ ਤਰ੍ਹਾਂ ਪੰਜਾਬੀ ਜਵਾਨ ਪਿਆਰ ਤੋਂ ਆਪਣੀ ਜਾਨ ਕੁਰਬਾਨ ਕਰ ਦਿੰਦੇ ਹਨ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਪੰਜਾਬ ਦੇ ਜਵਾਨਾਂ ਨੇ ਤਾਂ ਸਿਰਫ ਪਿਆਰ ਕਰਨਾ ਹੀ ਸਿੱਖਿਆ ਹੈ ਤੇ ਇਸ ਦੇ ਬਦਲੇ ਆਪਣੀ ਜਿੰਦ ਜਾਨ ਵੀ ਕੁਰਬਾਨ ਕਰ ਦਿੰਦੇ ਹਨ। ਅਸਲ ਵਿੱਚ ਪਿਆਰ ਕਰਨਾ ਪੰਜਾਬ ਦੇ ਹਰ ਸੱਚੇ ਵਾਸੀ ਦਾ ਧਰਮ ਹੈ। ਸਾਰੇ ਨਿੱਕੇ-ਵੱਡੇ ਪੰਜਾਬੀ ਪ੍ਰੀਤ ਦੇ ਨਾਇਕ ਰਾਂਝੇ ਦੇ ਭਰਾ ਹਨ। ਇਹ ਜੰਗਲਾਂ ਤੇ ਰੱਖਾਂ ਵਿੱਚ ਖੁੱਲ੍ਹੇ ਫਿਰਦੇ ਤੇ ਕੂਕਾਂ ਮਾਰਦੇ ਹੋਏ ਆਪਣੀ ਖੁੱਲ੍ਹ-ਡੁੱਲ੍ਹ ਤੇ ਆਜ਼ਾਦੀ ਦਾ ਆਨੰਦ ਮਾਣਦੇ ਹਨ।

(ਕ) ਬਾਲ ਨਾਥ ਪਛਤਾਇਆ.............. ਅਸੀਸ ਦੇ, ਹਾਰਿਆ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਨੇ ਪੰਜਾਬੀਆਂ ਦੇ ਬੇਪਰਵਾਹੀ ਭਰੇ ਤੇ ਆਜ਼ਾਦੀ ਪਸੰਦ ਸੁਭਾਅ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਆਪਣੇ ਭਾਵਾਂ ਦੀ ਪੁਸ਼ਟੀ ਲਈ ਹੀਰ ਰਾਂਝੇ ਦੀ ਕਹਾਣੀ ਵਿੱਚੋਂ ਰਾਂਝੇ ਦੇ ਬਾਲ ਨਾਥ ਕੋਲੋਂ ਜੋਗ ਲੈਣ ਦੀ ਘਟਨਾ ਦਾ ਵਰਨਣ ਕਰਦਾ ਹੈ। ਜਿਸ ਵਿੱਚ ਇਸ਼ਕ ਵੱਲੋਂ ਵਰਜਦੇ ਬਾਲ ਨਾਥ ਨੇ ਅੰਤ ਹਾਰ ਕੇ ਰਾਂਝੇ ਅੱਗੇ ਗੋਡੇ ਟੇਕ ਦਿੱਤੇ ਤੇ ਉਸ ਨੂੰ ਹੀਰ ਬਖ਼ਸ਼ ਦਿਤੀ।

ਵਿਆਖਿਆ :- ਬਾਲ ਨਾਥ ਨੇ ਜਦੋਂ ਰਾਂਝੇ ਨੂੰ ਜੋਗ ਦੇ ਕੇ ਜੋਗ ਸਾਧਨਾ ਸਮਝਾਈ ਤੇ ਪਰਾਈਆਂ ਔਰਤਾਂ ਵੱਲ ਝਾਕਣੋਂ ਵਰਜਿਆ ਤਾਂ ਰਾਂਝਾ ਬਾਲ ਨਾਥ ਦੇ ਗਲ ਪੈ ਗਿਆ। ਬਾਲ ਨਾਥ ਨੂੰ ਰਾਂਝੇ ਨੂੰ ਜੋਗ ਦੇ ਕੇ ਪਛਤਾਉਣਾ ਪਿਆ। ਉਹ ਸਤਿਗੁਰਾਂ ਦੇ ਸਿੱਖ ਨੂੰ ਹੱਥ ਪਾ ਕੇ ਭੁੱਲ ਕਰ ਬੈਠਾ। ਇਸ ਜੱਟ-ਮੱਤ ਵਿੱਚ ਇਸ਼ਕ ਰੂਪੀ ਜੋਗ ਦਾ ਜ਼ੋਰ ਸੀ। ਰਾਂਝੇ ਦੇ ਅਲਬੇਲੇਪਨ ਤੇ ਅੱਥਰੇਪਨ ਨੂੰ ਦੇਖ ਕੇ ਬਾਲ ਨਾਥ ਹੈਰਾਨ ਰਹਿ ਗਿਆ ਤੇ ਅੰਤ ਹਾਰ ਕੇ ਉਸ ਨੂੰ ਹੀਰ ਬਖ਼ਸ਼ੀ ਤੇ ਆਪਣੇ ਟਿੱਲੇ ਤੋਂ ਅਸੀਸ ਦੇ ਕੇ ਤੋਰਿਆ।

(ਖ) ਤੇ ਮਚਲਾ ਜੱਟ.............. ਆਪਣੀਆਂ ਮੁੰਦਰਾਂ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਨੇ ਪੰਜਾਬੀਆਂ ਦੇ ਬੇਪਰਵਾਹੀ ਭਰੇ ਤੇ ਆਜ਼ਾਦੀ ਪਸੰਦ ਸੁਭਾਅ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਦੱਸਦਾ ਹੈ

ਕਿ ਕਿਸ ਤਰ੍ਹਾਂ ਰਾਂਝੇ ਨੇ ਬਾਲ ਨਾਥ ਦੇ ਪਿਆਰ ਤੋਂ ਹੋੜਨ ਵਾਲੇ ਤੇ ਮੰਦਰਾਂ ਵਿੱਚ ਬੰਨਣ ਵਾਲੇ ਜੋਗ ਨੂੰ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਜਦੋਂ ਬਾਲ ਨਾਥ ਨੇ ਰਾਂਝੇ ਨੂੰ ਜੋਗ ਦੇ ਬੰਧਨਾਂ ਭਰੇ ਨਿਯਮ ਸਮਝਾਏ, ਤਾਂ ਰਾਂਝੇ ਦੀ ਬੇਪ੍ਰਵਾਹੀ ਦੇਖ ਕੇ ਉਸ ਨੂੰ ਝੁਕਣਾ ਪਿਆ ਤੇ ਉਸ ਨੇ ਰਾਂਝੇ ਨੂੰ ਆਪਣੇ ਟਿੱਲੇ ਤੋਂ ਇਹ ਅਸੀਸ ਦੇ ਕੇ ਤੋਰਿਆ ਕਿ ਉਸ ਦਾ ਇਸ਼ਕ ਤੋੜ ਚੜ੍ਹੇਗਾ। ਇਸ ਸਮੇਂ ਮਚਲਾ ਜੱਟ ਰਾਂਝਾ ਉਸ ਨੂੰ ਆਖ ਰਿਹਾ ਸੀ," ਬਾਬਾ, ਜੇ ਤੂੰ ਇਸ਼ਕ ਤੋਂ ਵਰਜਣਾ ਸੀ, ਤਾਂ ਮੇਰੇ ਕੰਨ ਕਿਉਂ ਪਾੜੇ ਹਨ ? ਆਪਣੀਆਂ ਮੁੰਦਰਾਂ ਚੁੱਕ ਤੇ ਭਲਾਮਾਣਸ ਬਣ ਕੇ ਮੇਰੇ ਕੰਨ ਮੁੜ ਕੇ ਸਬੂਤ ਕਰ ਦੇਹ। ਭਲਾ ਦੱਸ ! ਮੈਂ ਇਹੋ ਜਿਹਾ ਜੋਗ ਕੀ ਕਰਨਾ ਸੀ ? ਮੈਂ ਤਾਂ ਸਿਰਫ ਪਿਆਰ ਕਰਨਾ ਹੀ ਸਿੱਖਿਆ ਹੈ ਤੇ ਇਸ ਦਾ ਨਾਮ ਹੀ ਮੇਰੇ ਸਰੀਰ ਵਿੱਚ ਟੁਣਕਦਾ ਹੈ। ਮੈਨੂੰ ਤੇਰਾ ਜੋਗ ਇਸ਼ਕ ਤੋਂ ਰੋਕਦਾ ਹੈ। ਮੈਨੂੰ ਅਜਿਹੇ ਜੋਗ ਦੀ ਲੋੜ ਨਹੀਂ, ਇਸ ਕਰਕੇ ਮੇਰੇ ਕੰਨ ਸਬੂਤ ਕਰ ਦੇਹ ਤੇ ਆਪਣੀਆਂ ਮੁੰਦਰਾਂ ਵਾਪਸ ਲੈ-ਲੈ।" ਮੈਨੂੰ ਅਜਿਹੇ ਧਰਮ ਤੇ ਉਸ ਦੇ ਬੰਧਨਾਂ ਵਿੱਚ ਰਹਿਣਾ ਮਨਜ਼ੂਰ ਨਹੀਂ, ਜਿਹੜਾ ਇਸ਼ਕ ਤੋਂ ਹੋੜਦਾ ਹੋਵੇ।

(ਗ) ਇਹੋ ਜਿਹੀ ਜਿੰਦ ਤੇ...................... ਹਰ ਦਮ ਰਹਿੰਦਾ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਪੰਜਾਬੀ ਨੌਜਵਾਨਾਂ ਦੇ ਅੱਥਰੇਪਨ ਅਤੇ ਕੁਰਬਾਨੀ ਦੇ ਚਾਅ ਨਾਲ ਭਰੇ ਸੁਭਾਅ ਦਾ ਉਲੇਖ ਕਰਦਾ ਹੈ।

ਵਿਆਖਿਆ :- ਪੰਜਾਬੀਆਂ ਦਾ ਸੁਭਾਅ ਅਜਿਹਾ ਜ਼ਿੱਦੀ ਤੇ ਖੁੱਲ੍ਹ-ਭਰਿਆ ਹੈ, ਜਿਹੜਾ ਕਿਸੇ ਦਾ ਦਬਕਾ ਨਹੀਂ ਸਹਿ ਸਕਦਾ, ਇਨ੍ਹਾਂ ਨੂੰ ਕੋਤਲ ਘੋੜੇ ਵਾਂਗ ਜੇ ਕੋਈ ਰੋਜ਼ ਸ਼ਿੰਗਾਰਦਾ ਰਹੇ ਤੇ ਇਨ੍ਹਾਂ ਦੀ ਮਰਜ਼ੀ ਨਾਲ ਚੱਲਦਾ ਰਹੇ, ਤਦ ਤਾਂ ਇਹ ਘੜੀ-ਪਲ ਮਸਤੀ ਵਿੱਚ ਰੁਮਕ-ਰੁਮਕ ਕੇ ਚੱਲਦੇ ਹਨ, ਪਰ ਫਿਰ ਵੀ ਇਨ੍ਹਾਂ ਦੇ ਅੱਥਰੇਪਨ ਦਾ ਖ਼ਤਰਾ ਹੀ ਰਹਿੰਦਾ ਹੈ, ਭਾਵ ਇਨ੍ਹਾਂ ਦਾ ਪਤਾ ਨਹੀਂ ਕਿ ਇਹ ਕਿਹੜੇ ਵੇਲੇ ਵਿਗੜ ਬੈਠਣ।j

(ਘ) ਬਾਂਕੇ ਛਬੀਲੇ............. ਕਰਨ ਕੀ ਇਹ ?

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਪੰਜਾਬੀ ਨੌਜਵਾਨਾਂ ਦੇ ਜੰਗਜੂ ਸੁਭਾਅ ਬਾਰੇ ਦੱਸਦਾ ਹੋਇਆ ਕਹਿੰਦਾ ਹੈ ਕਿ ਉਹ ਜਾਨ ਦੀ ਕੁਰਬਾਨੀ ਕਰਨ ਤੋਂ ਬਿਲਕੁਲ ਨਹੀਂ ਡਰਦੇ।

ਵਿਆਖਿਆ :- ਪੰਜਾਬ ਦੇ ਰਹਿਣ ਵਾਲੇ ਪੰਜਾਬੀ ਮਾਵਾਂ ਦੇ ਪੁੱਤ ਬਾਂਕੇ ਤੇ ਛਬੀਲੇ ਜਵਾਨ ਹਨ ਤੇ ਇਹ ਜਾਨ ਨੂੰ ਸੰਭਾਲ ਕੇ ਰੱਖਣਾ ਨਹੀਂ ਜਾਣਦੇ। ਇਹ ਲਹੂ ਵਹਾਉਣ ਤੋਂ ਨਹੀਂ ਡਰਦੇ ਤੇ ਮੈਦਾਨ-ਏ-ਜੰਗ ਵਿੱਚੋਂ ਨੱਸਣਾ ਵੀ ਨਹੀਂ ਜਾਣਦੇ। ਇਹ ਇੰਨੇ ਖੁੱਲ੍ਹੇ ਤੇ ਅਣਖੀਲੇ ਸੁਭਾਅ ਵਾਲੇ ਹਨ ਕਿ ਇਨ੍ਹਾਂ ਦਾ ਕੁਝ ਪਤਾ ਨਹੀਂ ਲੱਗਦਾ ਕਿ ਇਹ ਕਦੋਂ ਕੀ ਕਰਨ ਲੱਗ ਪੈਣ।

(ਙ) ਓੜਕ ਦਾ ਰੂਹ ਜ਼ੋਰ ............. ਨਾਂਹ ਕਿਸੇ ਦੇ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਪੰਜਾਬ ਵਿੱਚ ਬਹੁਤ ਸਾਰੇ ਰੱਬ ਦੇ ਭਗਤ ਆਏ ਹਨ। ਮੈਂ ਸਤਿਗੁਰਾਂ ਦੇ ਜੀਵਨ, ਉਪਦੇਸ਼ਾਂ ਤੇ ਕੁਰਬਾਨੀਆਂ ਦੇ ਰਾਹ ਤੋਂ ਕੁਰਬਾਨ ਜਾਂਦਾ ਹਾਂ। ਉਨ੍ਹਾਂ ਸਦਕਾ ਇੱਥੇ ਰੱਬੀ ਗਿਆਨ ਦੇ ਹੜ੍ਹ ਆਏ ਹਨ। ਪੰਜਾਬੀ ਜਵਾਨ ਆਪਣੀ ਮਰਜ਼ੀ ਕਰਨੋਂ ਨਹੀਂ ਟਲਦੇ। ਇਹ ਜ਼ੋਰ ਨਾਲ ਜਿਉਂਦੇ ਹਨ। ਇਨ੍ਹਾਂ ਦਾ ਸੁਭਾਅ ਕਿਸੇ ਦੇ ਕਾਬੂ ਵਿੱਚ ਨਹੀਂ।

(ਚ) ਪੰਜਾਬ ਵਿਚ ਸਤਿਗੁਰਾਂ...........ਉਸ ਨਿਗਾਹ ਵਿਚ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਨੇ ਇਹ ਭਾਵ ਅੰਕਿਤ ਕੀਤਾ ਹੈ ਕਿ ਪੰਜਾਬੀ ਜਵਾਨਾਂ ਦਾ ਅਜਿਹਾ ਖੁੱਲ੍ਹਾਂ ਭਰਿਆ ਸੁਭਾਅ ਸਤਿਗੁਰਾਂ ਦੀ ਮਿਹਰ ਸਦਕੇ ਬਣਿਆ ਹੈ।

ਵਿਆਖਿਆ :- ਪੰਜਾਬ ਵਿੱਚ ਸਤਿਗੁਰਾਂ ਦੀ ਮਿਹਰ ਸਦਕਾ ਜੀਵਨ-ਬਿਜਲੀਆਂ ਦੇ ਅਥਾਹ ਦਰਿਆ ਚੱਲ ਪਏ ਅਰਥਾਤ ਪੰਜਾਬ ਦੇ ਸਿਥਿਲ ਹੋ ਚੁੱਕੇ ਜੀਵਨ ਵਿੱਚ ਜ਼ੋਰਦਾਰ ਹਿੱਲ-ਜੁਲ ਪੈਦਾ ਹੋ ਗਈ ਅਤੇ ਉਹ ਨਵੀਂ ਕਰਵਟ ਲੈਣ ਲੱਗਾ। ਗੁਰੂ ਜੀ ਦਾ 'ਜਪੁਜੀ ਸਾਹਿਬ' ਗਾਉਂਦੇ ਹੋਏ ਝਨਾਂ, ਰਾਵੀ, ਸਤਲੁਜ, ਬਿਆਸ, ਜੇਹਲਮ ਤੇ ਅਟਕ ਦਰਿਆ ਬੋਲ ਉੱਠੇ। ਇਸ ਤਰ੍ਹਾਂ ਪੰਜਾਬ ਦੀ ਧਰਤੀ ਉੱਤੇ ਗੁਰਬਾਣੀ ਦਾ ਅਥਾਹ ਪ੍ਰਵਾਹ ਚੱਲਿਆ ਹੈ। ਕੋਈ ਥਾਂ ਇਸ ਤੋਂ ਸੁੱਕੀ ਨਹੀਂ ਰਹੀ। ਹਿੰਦੂ, ਮੁਸਲਮਾਨ, ਪਸ਼ੂ, ਪੰਛੀ, ਆਦਮੀ, ਗੱਲ ਕੀ ਸਭ ਕੁਝ ਇਸ ਵਿੱਚ ਭਿੱਜ ਗਿਆ ਹੈ। ਗੁਰੂ ਸਾਹਿਬ ਦੀ ਮਿਹਰ ਵਿੱਚ ਅੰਮ੍ਰਿਤ ਭਰਿਆ ਹੋਇਆ ਸੀ, ਜਿਸ ਨੇ ਇੰਨੀਆਂ ਰਹਿਮਤਾਂ ਕੀਤੀਆਂ ਹਨ।

(ਛ) ਇਥੇ ਜਾਨ ਆਈ, ਰੂਹ..........ਪਾਤਸ਼ਾਹਾਂ ਦਾ ਨਿਵਾਸ ਹੈ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਉਸ ਨੇ ਇਹ ਵਿਚਾਰ ਅੰਕਿਤ ਕੀਤਾ ਹੈ ਕਿ ਪੰਜਾਬੀ ਨੌਜਵਾਨਾਂ ਦਾ ਖੁੱਲ੍ਹਾ ਸੁਭਾਅ ਇਸ ਕਰਕੇ ਹੈ ਕਿਉਂਕਿ ਇੱਥੇ ਸਤਿਗੁਰਾਂ ਦੇ ਕਦਮ ਪਏ ਹਨ ਤੇ ਉਨ੍ਹਾਂ ਦੀ ਮਿਹਰ ਹੋਈ ਹੈ।

ਵਿਆਖਿਆ :- ਪੰਜਾਬ ਦੀ ਧਰਤੀ ਉੱਤੇ ਸੂਰਬੀਰਤਾ, ਰੂਹਾਨੀਅਤ ਤੇ ਰੱਬੀ ਗਿਆਨ ਆਇਆ ਹੈ। ਇੱਥੇ ਰੱਬੀ ਗੀਤ ਅਰਥਾਤ ਬਾਣੀ ਆਈ ਹੈ ਤੇ ਰੱਬ ਦੀਆਂ ਬਖਸ਼ਿਸ਼ਾਂ ਦੀ ਸਭ ਤੋਂ ਸ੍ਰੇਸ਼ਟ ਚੇਟਕ ਦੁਆਰਾ ਮਾਣੇ ਜਾਣ ਵਾਲੇ ਚਾਵਾਂ ਦਾ ਕੋਈ ਅੰਤ ਨਹੀਂ। ਇੱਥੇ ਇਸ਼ਕ ਦੀ ਚੋਟ ਲਾਉਣ ਵਾਲੇ ਰੱਬੀ ਹੁਸਨ ਨੇ ਆਪ ਜਨਮ ਲਿਆ ਹੈ। ਇੱਥੇ ਨਿਗਾਹਾਂ ਦੇ ਤੀਰਾਂ ਦੇ ਮੀਂਹ ਵਰਸਾਉਣ ਵਾਲੇ ਦਿਲ ਤੇ ਖੁੱਭ ਜਾਣ ਵਾਲੀਆਂ ਸੂਰਤਾਂ ਵਾਲੇ ਹੁਸਨ ਆਏ ਹਨ। ਇੱਥੇ ਦਾਤੇ ਅਤੇ ਸੂਰਬੀਰ ਆਏ ਹਨ। ਇੱਥੇ ਰੱਬ ਦੇ ਪਿਆਰੇ ਭਗਤ ਆਏ ਹਨ। ਇਸ ਧਰਤੀ ਉੱਤੇ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੇ ਸੁੰਮਾਂ ਦੀ ਟਾਪ ਲੱਗੀ ਹੈ। ਇਸ ਧਰਤੀ ਉੱਤੇ ਸੱਚੇ ਪਾਤਸ਼ਾਹ ਸਤਿਗੁਰਾਂ ਦਾ ਨਿਵਾਸ ਹੈ।

(ਜ) ਗਾਓ ਢੋਲੇ ਯਾਰੋ........ਮੁੱਢ-ਕਦੀਮ ਦੀਆਂ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਪੰਜਾਬੀ ਨੌਜਵਾਨ ਨੂੰ ਸੰਬੋਧਨ ਕਰਦਾ ਹੋਇਆ ਕਹਿੰਦਾ ਹੈ ਕਿ ਉਹ ਆਪਣੇ ਅਲਬੇਲੇ, ਬੇਪ੍ਰਵਾਹ ਤੇ ਮੌਜਾਂ ਮਨਾਉਣ ਵਾਲੇ ਸੁਭਾਅ ਦਾ ਖ਼ੂਬ ਆਨੰਦ ਲੈਣ।

ਵਿਆਖਿਆ :- ਕਵੀ ਕਹਿੰਦਾ ਹੈ, ਹੇ ਪੰਜਾਬੀ ਜਵਾਨੋਂ ! ਤੁਸੀਂ ਹੁਣ ਬੇਸ਼ੱਕ ਪੂਰੀ ਖੁੱਲ੍ਹ ਮਾਣਦੇ ਹੋਏ ਢੋਲ ਗਾਓ ਤੇ ਪੋਠੋਹਾਰ ਦੇ ਅਲਗੋਜ਼ੇ ਵਜਾ ਕੇ ਖ਼ੁਸ਼ੀ ਮਨਾਓ। ਇਸ ਖ਼ੁਸ਼ੀ ਨੂੰ ਦੂਣੀ ਕਰਨ ਲਈ ਕਵਿਤਾ ਜੋੜ ਜੋੜ ਕੇ ਗਾਓ, ਗੁਲਾਲ ਤੇ ਰੰਗ ਉਡਾਓ ਤੇ ਦਿਲ ਦੀਆਂ ਮੌਜਾਂ ਮਾਣੋ। ਤੁਹਾਨੂੰ ਅਲਬੇਲੀਆਂ ਤੇ ਬੇਪਰਵਾਹ ਜਵਾਨੀਆਂ ਰੱਬ ਨੇ ਦਿੱਤੀਆਂ ਹਨ। ਤੁਸੀਂ ਆਪਣੇ ਦਿਲਾਂ ਦੀਆਂ ਮੌਜਾਂ ਮਾਣਦੇ ਹੋਏ ਇਨ੍ਹਾਂ ਵਿੱਚ ਦੱਬੀਆਂ ਪ੍ਰੀਤ ਦੀਆਂ ਮੁੱਢ-ਕਦੀਮ ਦੀਆਂ ਪੀੜਾਂ ਦਾ ਖੁੱਲ੍ਹ ਕੇ ਪ੍ਰਗਟਾਵਾ ਕਰੋ।

(ਝ) ਹਾਂ ! ਐਵੇਂ ਜਦ ਦਿਲ.......... ਲੱਤਾਂ ਹਿਲਾਣ ਨੂੰ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਪ੍ਰੋਫ਼ੈਸਰ ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਜਵਾਨ ਪੰਜਾਬ ਦੇ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ ਪੰਜਾਬੀ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ, ਅੱਖੜਖਾਂਦ ਅਤੇ ਅਲਬੇਲੇ ਸੁਭਾਅ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਨੇ ਲੜਾਈ-ਭਿੜਾਈ ਤੇ ਬਿਨਾਂ ਥਕੇਵੇਂ ਲੰਮੀਆਂ ਵਾਟਾਂ ਮਾਰਨ ਨੂੰ ਪੰਜਾਬੀ ਸੁਭਾਅ ਦਾ ਅੰਗ ਦੱਸਿਆ ਹੈ।

ਵਿਆਖਿਆ :- ਕਵੀ ਕਹਿੰਦਾ ਹੈ, ਹੇ ਪੰਜਾਬੀ ਜਵਾਨੋਂ ! ਜਦੋਂ ਤੁਹਾਡਾ ਦਿਲ ਜ਼ਰਾ ਅੱਕ ਜਾਵੇ ਤਾਂ ਡਾਂਗਾਂ ਚੁੱਕ ਕੇ ਇੱਕ ਦੂਜੇ ਦੇ ਮਾਰੋ। ਇਹ ਤੁਹਾਡੀ ਬੁਰਾਈ ਨਹੀਂ, ਸਗੋਂ ਇਹ ਤੁਹਾਡੇ ਡੌਲਿਆਂ ਦੀ ਕਸਰਤ ਹੈ। ਤੁਸੀਂ ਖੇਤਾਂ ਦੀਆਂ ਖੁੱਲ੍ਹੀਆਂ ਹਵਾਵਾਂ ਵਿੱਚ ਲੰਮੀਆਂ ਸੈਰਾਂ ਕਰਦੇ ਹੋ ਤੇ ਨੰਗੇ ਪੈਰੀਂ ਤੁਰਦੇ ਹੋ। ਪੰਜਾਹ ਕੋਹ ਪੈਂਡਾ ਮਾਰ ਕੇ ਸ਼ਾਮ ਨੂੰ ਜਦ ਘਰ ਮੁੜਦੇ ਹੋ, ਤਾਂ ਇਹ ਨਹੀਂ ਕਹਿੰਦੇ ਕਿ ਅਸੀਂ ਥੱਕ ਗਏ ਹਾਂ, ਸਗੋਂ ਤੁਹਾਡੀ ਸ਼ੇਰ ਜਵਾਨੀ ਸਮਝਦੀ ਹੈ ਕਿ ਇਹ ਤਾਂ ਕੋਈ ਕੰਮ ਹੀ ਨਹੀਂ ਸੀ। ਇਨ੍ਹਾਂ ਕੁ ਪੈਂਡਾ ਤਾਂ ਕੇਵਲ ਲੱਤਾਂ ਹਿਲਾਉਣ ਲਈ ਹੀ ਮਾਰਿਆ ਸੀ।

## 2. ਪੰਜਾਬ ਦੇ ਮਜ਼ੂਰ



ਉਏ ! ਮਜ਼ੂਰ..............ਨੂੰ ਠਾਰਦੇ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ ਕਵੀ ਪ੍ਰੋ: ਪੂਰਨ ਸਿੰਘ ਦੀ ਰਚਨਾ 'ਪੰਜਾਬ ਦੇ ਮਜ਼ੂਰ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਕਵੀ ਨੇ ਮਜ਼ਦੂਰਾਂ ਦੇ ਸੁਭਾਅ ਨੂੰ ਚਿੱਤਰਦੇ ਹੋਏ ਉਸ ਤੋਂ ਇੱਕ ਅਨੰਦ ਪ੍ਰਾਪਤ ਕੀਤਾ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਮੈਨੂੰ ਪੰਜਾਬ ਦੇ ਮਜ਼ਦੂਰ ਚੰਗੇ ਲੱਗਦੇ ਹਨ। ਇਨ੍ਹਾਂ ਦੇ ਖਿਆਲ ਨਿੱਕੇ-ਨਿੱਕੇ ਹਨ। ਇਨ੍ਹਾਂ ਦੇ ਨਿੱਕੇ-ਨਿੱਕੇ ਖ਼ਿਆਲਾਂ ਵਿੱਚ ਇਨ੍ਹਾਂ ਦੀਆਂ ਜ਼ਿੰਦਗੀਆਂ ਢਲੀਆਂ ਹੋਈਆਂ ਹਨ। ਇਨ੍ਹਾਂ ਦੇ ਚਿਹਰੇ ਸਾਦੇ ਤੇ ਨੰਗੇ ਹਨ। ਇਹ ਕੁਝ ਵੀ ਛੁਪਾਉਂਦੇ ਨਹੀਂ। ਇਨ੍ਹਾਂ ਦੇ ਦਿਲ ਵੀ ਨੰਗੇ-ਨੰਗੇ ਹਨ। ਇਹ ਲੋਕ ਭੋਲੇ-ਭਾਲੇ ਹਨ ਤੇ ਇਨ੍ਹਾਂ ਦੀਆਂ ਗੱਲਾਂ ਭੋਲੀਆਂ-ਭਾਲੀਆਂ ਹਨ। ਇਨ੍ਹਾਂ ਦੀ ਗ਼ਰੀਬੀ ਨਿੱਕੀ ਹੈ। ਇਨ੍ਹਾਂ ਦਾ ਸੰਤੋਖ ਵੱਡਾ ਹੈ। ਇਹ ਮੇਰੇ ਦਿਲ ਨੂੰ ਠੰਢੇ ਪਾਣੀ ਵਾਂਗ ਠਾਰਦੇ ਹਨ।

## 3. ਖੂਹ ਉੱਤੇ



(ੳ) ਕੋਲ ਇਹ ਖੂਹ ............... ਪੈਰਾਂ ਨੂੰ ਨੁਹਾਲਦੀਆਂ

ਪ੍ਰਸੰਗ :- ਇਹ 'ਕਾਵਿ-ਟੋਟਾ' ਸਾਹਿਤ ਮਾਲਾ ਪੁਸਤਕ ਵਿੱਚ ਦਰਜ ਪ੍ਰੋ: ਪੂਰਨ ਸਿੰਘ ਦੀ ਕਵਿਤਾ 'ਖੂਹ ਉੱਤੇ' ਵਿੱਚੋਂ ਲਈਆਂ ਗਈਆਂ ਹਨ।ਇਸ ਵਿੱਚ ਕਵੀ ਨੇ ਪੰਜਾਬ ਦੇ ਇੱਕ ਪਿੰਡ ਵਿੱਚ ਖੂਹ ਉੱਤੇ ਪਾਣੀ ਭਰਦੀਆਂ ਕੁੜੀਆਂ ਦੇ ਇੱਕ ਦ੍ਰਿਸ਼ ਨੂੰ ਪੇਸ਼ ਕੀਤਾ ਹੈ।

ਵਿਆਖਿਆ :- ਕਵੀ ਲਿਖਦਾ ਹੈ ਕਿ ਔਹ ਨੇੜੇ ਹੀ ਪਿੱਪਲ ਹੇਠਾਂ ਇੱਕ ਖੂਹ ਉੱਤੇ ਛੋਟੀਆਂ ਅਤੇ ਵੱਡੀਆਂ ਘੱਗਰੀਆਂ ਵਾਲੀਆਂ ਪੰਜਾਬ ਦੀਆਂ ਕੁੜੀਆਂ ਪਾਣੀ ਭਰ ਰਹੀਆਂ ਹਨ। ਉਨ੍ਹਾਂ ਦੀਆਂ ਬਾਹਾਂ ਨਿੱਕੀਆਂ-ਨਿੱਕੀਆਂ ਹਨ, ਪਰ ਉਨ੍ਹਾਂ ਨੇ ਵੱਡੀਆਂ-ਵੱਡੀਆਂ ਲੱਜਾਂ ਫੜੀਆਂ ਹੋਈਆਂ ਹਨ। ਉਹ ਕੁੱਝ ਪਾਣੀ ਘੜਿਆਂ ਵਿਚ ਭਰ ਰਹੀਆਂ ਹਨ, ਕੁਝ ਬਾਹਰ

ਡੋਲ ਰਹੀਆਂ ਹਨ ਤੇ ਕੁਝ ਪਾਣੀ ਉਹ ਆਪਣੇ ਹੱਥਾਂ ਨਾਲ ਛੱਟੇ ਮਾਰ ਕੇ ਰੋੜ੍ਹ ਰਹੀਆਂ ਹਨ। ਉਹ ਆਪਣੇ ਮੂੰਹ ਉੱਪਰ ਪਾਣੀ ਦੇ ਛੱਟੇ ਮਾਰਦੀਆਂ ਹਨ ਉਹ ਆਪਣੇ ਹੱਥਾਂ ਨਾਲ ਪਾਣੀ ਡੋਲ ਡੋਲ ਕੇ ਆਪਣੇ ਪੈਰਾਂ ਨੂੰ ਧੋ ਰਹੀਆਂ ਹਨ।

(ਅ) ਆਏ ਗਏ ਕਵੀ ............... ਹੇਕਾਂ ਲਾਉਣੀਆਂ

ਪ੍ਰਸੰਗ :- ਇਹ 'ਕਾਵਿ-ਟੋਟਾ" ਸਾਹਿਤ ਮਾਲਾ ਪੁਸਤਕ ਵਿੱਚ ਦਰਜ ਪ੍ਰੋ: ਪੂਰਨ ਸਿੰਘ ਦੀ ਕਵਿਤਾ 'ਖੂਹ ਉੱਤੇ' ਵਿੱਚੋਂ ਲਈਆਂ ਗਈਆਂ ਹਨ।ਇਸ ਵਿੱਚ ਕਵੀ ਨੇ ਪੰਜਾਬ ਦੇ ਇੱਕ ਪਿੰਡ ਵਿੱਚ ਖੂਹ ਉੱਤੇ ਪਾਣੀ ਭਰਦੀਆਂ ਕੁੜੀਆਂ ਦੇ ਇੱਕ ਦ੍ਰਿਸ਼ ਨੂੰ ਪੇਸ਼ ਕੀਤਾ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਖੂਹ ਉੱਤੇ ਪਾਣੀ ਭਰਦੀਆਂ ਕੁੜੀਆਂ ਕਦੇ-ਕਦੇ ਆਉਂਦੇ ਜਾਂਦੇ ਕਿਸੇ ਕਵੀ ਨੂੰ ਬੁੱਕਾਂ ਨਾਲ ਪਾਣੀ ਪਿਲਾਉਂਦੀਆਂ ਹਨ। ਕੁੜੀਆਂ ਦਾ ਖੂਹ ਉੱਤੇ ਇਕੱਠੀਆਂ ਹੋਣਾ ਵੀ ਇੱਕ ਰੰਗ-ਬਰੰਗਾ ਜੀਵਨ ਹੈ। ਉਹ ਕਿਸੇ ਦੀਆਂ ਦੋ ਗੱਲਾਂ ਸੁਣਦੀਆਂ ਹਨ ਤੇ ਕਿਸੇ ਨੂੰ ਦੋ ਗੱਲਾਂ ਸੁਣਾ ਦਿੰਦੀਆਂ ਹਨ। ਉਹ ਇੱਕ-ਦੂਸਰੇ ਦੇ ਭਰੇ ਹੋਏ ਘੜੇ ਚੁਕਾ ਕੇ ਮੱਦਦ ਕਰਦੀਆਂ ਹਨ ਤੇ ਇਕੱਠੀਆਂ ਹੋ ਕੇ ਹੇਕਾਂ ਲਾਉਂਦੀਆਂ ਤੇ ਗਾਉਂਦੀਆਂ ਹਨ।

## ਕਵਿਤਾਵਾਂ ਦੇ ਕੇਂਦਰੀ ਭਾਵ

### ਜਵਾਨ ਪੰਜਾਬ ਦੇ

ਪੰਜਾਬ ਦੇ ਨੌਜਵਾਨ ਬੇਪਰਵਾਹ, ਅਲਬੇਲੇ, ਪਿਆਰ ਦੀ ਗ਼ੁਲਾਮੀ ਕਰਨ ਵਾਲੇ ਤੇ ਖੁੱਲ੍ਹ-ਡੁੱਲ੍ਹ ਪਸੰਦ ਹਨ। ਉਨ੍ਹਾਂ ਦੇ ਸੁਭਾਅ ਵਿੱਚ ਇਹ ਗੁਣ ਗੁਰੂ ਸਾਹਿਬਾਂ ਦੀ ਬਖ਼ਸ਼ਿਸ਼ ਨਾਲ ਪੈਦਾ ਹੋਏ ਹਨ। ਉਹ ਲੜਾਈ-ਭਿੜਾਈ ਤੇ ਲੰਮੇ ਪੈਂਡੇ ਮਾਰਨ ਨੂੰ ਵੀ ਮਾਮੂਲੀ ਗੱਲ ਹੀ ਸਮਝਦੇ ਹਨ।

### ਪੰਜਾਬ ਦੇ ਮਜ਼ੂਰ

ਪੰਜਾਬ ਦੇ ਮਜ਼ਦੂਰ ਸਾਦੇ ਸੁਭਾਅ, ਸਾਫ਼ ਦਿਲ, ਭੋਲੇ ਮਨ, ਗ਼ਰੀਬੀ, ਬੇਪਰਵਾਹੀ ਤੇ ਸਬਰ-ਸੰਤੋਖ ਦੇ ਗੁਣਾਂ ਨਾਲ ਭਰਪੂਰ ਹਨ। ਇਸ ਕਰਕੇ ਇਹ ਕਵੀ ਨੂੰ ਚੰਗੇ ਲੱਗਦੇ ਹਨ।

ਖੂਹ ਤੇ

ਖੂਹ ਉੱਤੇ ਪਾਣੀ ਭਰਦੀਆਂ ਕੁੜੀਆਂ ਦਾ ਦ੍ਰਿਸ਼ ਬੜਾ ਰੁਮਾਨੀ ਤੇ ਦਿਲ-ਖਿੱਚਵਾਂ ਹੁੰਦਾ ਹੈ। ਉਹ ਪਾਣੀ ਨਾਲ ਖੇਡਦੀਆਂ, ਮੂੰਹ-ਹੱਥ ਤੇ ਪੈਰ ਧੋਂਦੀਆਂ ਹਨ। ਉਹ ਆਏ ਗਏ ਕਵੀ-ਕਵੀਸ਼ਰ ਨੂੰ ਪਾਣੀ ਵੀ ਪਿਲਾਉਂਦੀਆਂ ਹਨ। ਉਹ ਇੱਕ ਦੂਜੀ ਨਾਲ ਖ਼ੂਬ ਗੱਲਾਂ ਕਰਦੀਆਂ ਹਨ ਤੇ ਹੇਕਾਂ ਲਾ-ਲਾ ਕੇ ਗਾਉਂਦੀਆਂ ਹਨ। ਉਹ ਘੜਾ ਚੁਕਾਉਣ ਵਿੱਚ ਇੱਕ-ਦੂਜੀ ਦੀ ਮੱਦਦ ਵੀ ਕਰਦੀਆਂ ਹਨ।

## ਵਸਤੂਨਿਸ਼ਠ ਉੱਤਰ ਵਾਲੇ ਪ੍ਰਸ਼ਨ

- ਜਵਾਨ ਪੰਜਾਬ ਦੇ / ਪੰਜਾਬ ਦੇ ਮਜ਼ੂਰ / ਖੂਹ ਉੱਤੇ ਕਵਿਤਾ ਕਿਸ ਦੀ ਰਚਨਾ ਹੈ ?

  ਪ੍ਰੋਫ਼ੈਸਰ ਪੂਰਨ ਸਿੰਘ

- ਪੰਜਾਬ ਦੇ ਜਵਾਨਾਂ ਨੂੰ ਵੱਸ ਵਿੱਚ ਕਿਵੇਂ ਕੀਤਾ ਜਾ ਸਕਦਾ ਹੈ ?

  ਪਿਆਰ ਨਾਲ

- ਪੰਜਾਬ ਕਿਸ ਦੇ ਨਾਂ ਤੇ ਜਿਉਂਦਾ ਹੈ ?

  ਗੁਰੂਆਂ ਦੇ ਨਾਂ ਤੇ

- ਪੰਜਾਬੀ ਕਿਸ ਗੱਲ ਤੋਂ ਨਹੀਂ ਡਰਦੇ ?

  ਮਰਨ ਤੋਂ / ਜਾਨ ਵਾਰਨ ਤੋਂ

- ਖੂਹ ਉੱਤੇ ਪਾਣੀ ਕੌਣ ਭਰ ਰਿਹਾ ਹੈ ?

  ਮੁਟਿਆਰ ਕੁੜੀਆਂ

- ਕਵੀ ਮੁੜ ਮੁੜ ਕੀ ਤੱਕਦਾ ਹੈ ?

  ਖੂਹ ਦੀ ਰੌਣਕ

ਤਿਆਰ ਕਰਤਾ

ਸੰਦੀਪ ਸਿੰਘ

ਪੰਜਾਬੀ ਮਾਸਟਰ

ਸਰਕਾਰੀ ਹਾਈ ਸਕੂਲ

ਭਿੰਡੀ ਔਲਖ ( ਅੰਮ੍ਰਿਤਸਰ )